Weekly

# CANADA SIKH TIMES

11 - 17 May 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 19

• RELIGION • CULTURE • HERITAGE • BUSINESS

## Guneet Kaur Scores 498/500 in Class 10 Secures 2nd Rank in Punjab



Guneet Kaur has brought pride to Punjab by scoring an outstanding 498 out of 500 marks in the Class 10 board exams, securing the second rank across the state. What makes her achievement even more inspiring is her aspiration to become a professional Kirtani (devotional singer of Sikh hymns). Guneet's remarkable performance, coupled with her devotion to Sikh values, has earned her immense praise and blessings from her family, community, and well-wishers. Her accomplishment not only makes her family proud but also serves as a beacon of inspiration for Sikh youth across the globe. We pray to the Almighty to bless Guneet Kaur with continued success and strength as she pursues her path in spreading the message of Gurbani through Kirtan.

## ਸਾਬਤ ਸੂਰਤ ਸਿੱਖ ਨੌਜਵਾਨ ਸ. ਅਰਪਨਦੀਪ ਸਿੰਘ ਨੇ 12ਵੀਂ ਵਿੱਚ ਕੀਤਾ ਟਾਪ



ਹਰਿਆਣਾ ਸਿੱਖਿਆ ਬੋਰਡ ਦੇ 12ਵੀਂ ਜਮਾਤ ਦੇ ਨਤੀਜੇ ਜਾਰੀ ਹੋਣ ’ਤੇ ਸਾਬਤ ਸੂਰਤ ਸਿੱਖ ਨੌਜਵਾਨ ਸ. ਅਰਪਨਦੀਪ ਸਿੰਘ ਨੇ 99.4% ਨੰਬਰ ਪ੍ਰਾਪਤ ਕਰਕੇ ਰਾਜ ਭਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੀ ਇਹ ਉਪਲਬਧੀ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਪੂਰੀ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ। ਸ. ਅਰਪਨਦੀਪ ਸਿੰਘ ਦੀ ਇਹ ਕਾਮਯਾਬੀ ਇਸ ਗੱਲ ਦੀ ਮਿਸਾਲ ਹੈ ਕਿ ਸਾਬਤ ਸੂਰਤ ਰਹਿ ਕੇ ਵੀ ਨੌਜਵਾਨ ਉੱਚੇ ਅਕਾਦਮਿਕ ਮਿਆਰ ਹਾਸਲ ਕਰ ਸਕਦੇ ਹਨ। ਉਨ੍ਹਾਂ ਦੀ ਲਗਨ, ਨਿਸ਼ਠਾ ਅਤੇ ਧਾਰਮਿਕ ਪ੍ਰਤੀਬੱਧਤਾ ਹੋਰ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣੀ ਹੈ। ਸਿੱਖ ਸੰਗਤਾਂ ਵੱਲੋਂ ਸ. ਅਰਪਨਦੀਪ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਦਿਲੋਂ ਵਧਾਈ ਦਿੱਤੀ ਜਾ ਰਹੀ ਹੈ। ਨੌਜਵਾਨਾਂ ਲਈ ਇਹ ਸੁਨੇਹਾ ਹੈ ਕਿ ਆਪਣੀ ਸਿਖੀ ਰੂਪ ਰੇਖਾ ਤੇ ਅਮਲ ਕਰਦੇ ਹੋਏ ਵੀ ਜੀਵਨ ਦੇ ਹਰ ਖੇਤਰ ਵਿੱਚ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਸੱਚੇ ਪਾਤਸ਼ਾਹ ਕੋਲ ਅਰਦਾਸ ਹੈ ਕਿ ਸ. ਅਰਪਨਦੀਪ ਸਿੰਘ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਹੋਰ ਉੱਚੀਆਂ ਉਡਾਣਾਂ ਭਰਨ।

## ‘ਨਿਸ਼ਾਨ ਸਾਹਿਬ’ ਗੁਰਦਵਾਰੇ ਦੀ ਹੋਂਦ ਅਤੇ ਪੰਥਕ ਮਲਕੀਅਤ ਦਾ ਪ੍ਰਤੀਕ : ਗਿ. ਜਾਚਕ

‘ਨਿਸ਼ਾਨ ਸਾਹਿਬ’ ਗੁਰਦੁਆਰੇ ਦੀ ਹੋਂਦ ਅਤੇ ਪੰਥਕ ਮਲਕੀਅਤ ਦਾ ਪ੍ਰਤੀਕ ਹੈ। ਨਿਸ਼ਾਨ ਸਾਹਿਬ ਕਿਸੇ ਵਿਅਕਤੀ ਦੇ ਘਰ ਜਾਂ ਉਸ ਦੀ ਸੰਪਤੀ ਵਿਚ ਤਦੋਂ ਹੀ ਝੁਲਾਇਆ ਜਾ ਸਕਦਾ ਹੈ, ਜੇਕਰ ਉਥੇ ਗੁਰਦੁਆਰਾ ਸਾਹਿਬ ਦੀ ਸਾਰੀ ਕਾਰਗੁਜ਼ਾਰੀ ਨਿਤ ਦੇ ਨੇਮ ਨਾਲ ਸੰਪੂਰਨ ਕੀਤੀ ਜਾਵੇ। ਘਰ ਵਾਲੇ ਐਲਾਨ ਕਰਨ ਕਿ ਅੱਜ ਤੋਂ ਇਹ ਸਾਰੀ ਜਾਇਦਾਦ ਪੰਥ ਦੀ ਸਾਂਝੀ ਸੰਪਤੀ ਹੈ ਅਤੇ ਹੁਣ ਇਹ ਘਰ, ਬਹਿਕ ਜਾਂ ਡੇਰਾ ਨਹੀਂ, ਗੁਰਦੁਆਰਾ ਸਾਹਿਬ ਹੈ। ਭਾਵ ਇਸ ਦਾ ਮਾਲਕ ਸਮੂਹ ਖ਼ਾਲਸਾ ਪੰਥ ਹੈ ਤੇ ਇਥੇ ਪੰਥਕ ਮਰਿਆਦਾ ਲਾਗੂ ਹੈ। ਇਹੀ ਕਾਰਨ ਹੈ ਕਿ ਕਈ ਸੰਪਰਦਾਵਾਂ ਤੇ ਡੇਰੇਦਾਰ ਖ਼ਾਲਸਈ ਨਿਸ਼ਾਨ ਸਾਹਿਬ ਨਹੀਂ ਝੁਲਾਉਂਦੇ, ਕਿਉਂਕਿ ਉਹ ਉਨ੍ਹਾਂ ਦੀ ਨਿਜੀ ਜਾਇਦਾਦ ਹੁੰਦੀ ਹੈ। ਇਹ ਵੱਡਾ



ਫ਼ਰਕ ਹੈ ‘ਗੁਰਦੁਆਰੇ’ ਤੇ ‘ਡੇਰੇ’ ਵਿਚ ਇਹ ਵਿਚਾਰ ਹਨ ਅੰਤਰਰਾਸ਼ਟਰੀ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਦੇ, ਜੋ ਉਨ੍ਹਾਂ ਅਪਣੇ ਈਮੇਲ ਪ੍ਰੈਸ ਨੋਟ ਰਾਹੀਂ ਸਾਂਝੇ ਕੀਤੇ ਹਨ।

ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਅਤੇ ਪੰਥ ਦੇ ਜਥੇਬੰਦਕ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਵਿਚ ਆਦੇਸ਼ ਹੈ ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ ’ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ। ਝੂਲਦਾ ਨਿਸ਼ਾਨ ਲੋਕਾਈ ਨੂੰ ਜਾਣਕਾਰੀ ਦਿੰਦਾ ਹੈ ਕਿ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ।

# DESH VIDESH

## Core Principles of the Sikh School of Thought Rooted in Guru Nanak's Teachings

The Sikh school of thought, rooted in the teachings of Guru Nanak and the subsequent nine Sikh Gurus, offers a distinct worldview that emphasizes several key principles:



1. Monotheism: Sikhism believes in one God, known as Waheguru (the Supreme Being), who is the creator of the universe and beyond human comprehension.
2. Equality and Social Justice: Sikhism strongly advocates for the equality of all humans, rejecting caste, class, and gender discrimination. The langar (free kitchen) system in Gurdwaras, where people from all walks of life sit together to eat, symbolizes this principle.
3. Truthful Living: Sikhs are encouraged to lead truthful lives, earning their living honestly and sharing their wealth with others. The concept of "Kirat Karni" (honest labor) and "Vand Chakna" (sharing with others) are central to Sikh ethics.
4. Spirituality and Devotion: The remembrance of God (Simran) and the recitation of the Guru Granth Sahib are essential spiritual practices. Sikhism emphasizes living a spiritual life while engaging in worldly duties.
5. Service and Compassion: "Seva" (selfless service) is a fundamental aspect of Sikhism. Sikhs are encouraged to serve humanity and help those in need without expecting anything in return.
6. Humility and Tolerance: Sikh teachings promote humility, tolerance, and respect for all religions. The Sikh Gurus taught that all paths can lead to God if followed sincerely.
7. Rejection of Rituals and Superstitions: Sikhism rejects unnecessary rituals, superstitions, and blind practices. It emphasizes simplicity and direct connection with God.

The Sikh worldview is practical, advocating for a life of integrity, service, and devotion while actively engaging with the world. It seeks to balance spiritual growth with social responsibility. ◆◆

## ਤੇਲੰਗਾਨਾ ਦੇ ਵਣਜਾਰਾ ਸਿੱਖਾਂ ਦੇ ਪਿੰਡ ਗੱਚੂਬਾਈ ਟਾਂਡਾ ਵਿਖੇ ਕੀਤਾ ਸਿੱਖੀ ਪ੍ਰਚਾਰ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤੇਲੰਗਾਨਾ ਸੂਬੇ ਦੇ ਹੈਦਰਾਬਾਦ ਸ਼ਹਿਰ ਨੇੜੇ ਰੰਗਾਰੇਡੀ ਜ਼ਿਲ੍ਹੇ ਵਿੱਚ ਪੈਂਦੇ ਵਣਜਾਰਾ ਸਿੱਖਾਂ ਦੇ ਪਿੰਡ ਗੱਚੂਬਾਈ ਟਾਂਡਾ ਪੁੱਜ ਕੇ ਬੀਤੇ ਦਿਨੀਂ 'ਖੁਆਰ ਹੋਏ ਸਭ ਮਿਲੈਂਗੇ' ਧਰਮ ਪ੍ਰਚਾਰ ਲਹਿਰ ਤਹਿਤ ਸਿੱਖੀ ਦਾ ਪ੍ਰਚਾਰ ਕੀਤਾ।



ਗੱਚੂਬਾਈ ਟਾਂਡਾ ਵਿਖੇ ਲਗਭਗ 500 ਸਿੱਖ ਵੱਸਦੇ ਹਨ ਜੋ ਸਾਬਤ ਸੂਰਤ ਤੇ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਇੱਥੋਂ ਦੀ ਸਿੱਖ ਸੰਗਤ ਨੇ ਜਥੇਦਾਰ ਗੜਗੱਜ ਦੀ ਆਮਦ ਉੱਤੇ ਪਿੰਡ ਦੇ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਵਿਖੇ ਹੈਦਰਾਬਾਦ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ, ਜਿਸ ਦੌਰਾਨ ਅਮੀਰਪੇਟ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਵੀਰ ਸਿੰਘ ਦੇ ਜਥੇ ਅਤੇ ਪਿੰਡ ਦੀਆਂ ਸਿੱਖ ਬੱਚੀਆਂ ਨੇ ਗੁਰਬਾਣੀ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਸਮਾਗਮ ਦੀ ਸਮਾਪਤੀ ਮੌਕੇ ਜਥੇਦਾਰ ਗੜਗੱਜ ਨੇ ਪਿੰਡ ਦੇ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਗੁਰਮੁਖੀ ਪੰਜਾਬੀ ਦੇ ਕਾਇਦੇ ਵੰਡੇ ਅਤੇ ਉਨ੍ਹਾਂ ਨੂੰ ਗੁਰਮੁਖੀ ਸਿੱਖ ਕੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਲਗਾਏ ਗਏ, ਜਿਸ ਵਿੱਚ ਗਿਆਨੀ ਗੜਗੱਜ ਨੇ ਖੁਦ ਸੇਵਾ ਕਰਕੇ ਸੰਗਤ ਨੂੰ ਪ੍ਰਸ਼ਾਦੇ ਵਰਤਾਏ।

ਜਥੇਦਾਰ ਨੇ ਇਹ ਵੀ ਕਿਹਾ ਕਿ ਜੇਕਰ ਤੇਲੰਗਾਨਾ ਦੇ ਵਣਜਾਰਾ ਸਿੱਖ ਪੰਜਾਬ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਰੇਲ ਦੇ ਕਿਰਾਏ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਅੰਦਰ ਵੱਧ ਤੋਂ ਵੱਧ ਆ ਕੇ ਆਪਣੇ ਗੁਰਧਾਮਾਂ ਦੇ ਦਰਸ਼ਨ ਕਰਨ।

# HERITAGE

## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਨਤੀਜੇ ਰਹੇ ਸ਼ਾਨਦਾਰ



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸੀਬੀਐਸਈ ਵੱਲੋਂ ਐਲਾਨੇ 10ਵੀਂ ਤੇ 12ਵੀਂ ਜਮਾਤ ਦੇ ਨਤੀਜਿਆਂ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਸਾਰੀਆਂ ਬ੍ਰਾਂਚਾਂ ਦੇ ਸ਼ਾਨਦਾਰ ਨਤੀਜੇ, ਇਨ੍ਹਾਂ ਸਕੂਲਾਂ ਨੂੰ ਬਦਨਾਮ ਕਰਨ ਵਾਲੇ ਆਗੂਆਂ ਦੇ ਮੂੰਹ ’ਤੇ ਕਰਾਰੀ ਚਪੇੜ ਹਨ। ਦੋਵਾਂ ਆਗੂਆਂ ਨੇ ਕਿਹਾ ਕਿ ਸੀਬੀਐਸਈ ਵੱਲੋਂ ਐਲਾਨੇ ਨਤੀਜਿਆਂ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਸਾਰੀਆਂ ਬ੍ਰਾਂਚਾਂ ਦੇ 10ਵੇਂ ਦੇ ਨਤੀਜੇ 100 ਫੀਸਦੀ ਅਤੇ 12ਵੀਂ ਦੇ ਨਤੀਜੇ 99 ਫੀਸਦੀ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੂੰ ਸਿੱਖ ਕੌਮ ਦੀਆਂ ਇਨ੍ਹਾਂ ਸੰਸਥਾਵਾਂ ਦੀ ਇਹ ਪ੍ਰਾਪਤੀ ਬਰਦਾਸ਼ਤ ਨਹੀਂ ਹੁੰਦੀ ਤੇ ਇਨ੍ਹਾਂ ਦੇ ਸਟਾਫ ਖ਼ਿਲਾਫ਼ ਕੂੜ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਇਨ੍ਹਾਂ ਸੰਸਥਾਵਾਂ ਖ਼ਿਲਾਫ਼ ਕੂੜ ਪ੍ਰਚਾਰ ਨਾ ਕਰਨ ਦੀ ਅਪੀਲ ਕੀਤੀ।

## Canada’s Unemployment Rate Rises to 6.9% Amid Manufacturing Job Losses



Canada’s unemployment rate climbed to 6.9% in April from 6.7% in March, surpassing expectations, as the economy added just 7,400 jobs. Although an improvement from the 32,600 jobs lost in March, economists say hiring linked to the federal election masked deeper declines. Manufacturing, wholesale, and retail sectors—hit hard by tariffs—shed 58,000 jobs, while the services sector added 40,300. Stellantis’s production pause due to U.S. tariffs contributed to the drop in manufacturing employment. Economists warn of further job losses, potentially pushing unemployment above 7% for the first time (excluding the pandemic). RBC and Capital Economics expect interest rate cuts by the Bank of Canada starting in June, with rates possibly falling to 2–2.25% by year-end.

## ਕੈਨੇਡਾ ਦੇ ਕੁਸ਼ਤੀ ਮੁਕਾਬਲਿਆਂ ’ਚ ਪੰਜਾਬਣਾਂ ਨੇ 10 ਸੋਨ ਤਗਮੇ ਜਿੱਤੇ




ਕੈਨੇਡਾ ਦੇ ਅਲਬਰਟਾ ਸੂਬੇ ਦੇ ਟਸ਼ੂਟੀਨਾ ਨੇਸ਼ਨ ਵਿਖੇ ਹੋਏ ਲੜਕੀਆਂ ਦੇ ਅੰਡਰ 15, 17 ਅਤੇ 19 ਉਮਰ ਵਰਗ ਕੈਨੇਡੀਅਨ ਰੈਸਲਿੰਗ ਚੈਂਪੀਅਨਸ਼ਿਪ ਦੇ ਕੁਸ਼ਤੀ ਮੁਕਾਬਲਿਆਂ ’ਚ ਪੰਜਾਬਣਾਂ ਪਹਿਲਵਾਨਾਂ ਨੇ 10 ਸੋਨ ਤਗਮੇ ਜਿੱਤੇ। ਅੰਡਰ 15 ਕੁਸ਼ਤੀ ਮੁਕਾਬਲੇ ’ਚ ਜੈਰੀਤ ਬਹੇ 54 ਕਿਲੋਵਰਗ, ਅਸੀਸ ਕੌਰ ਬੈਂਸ 70 ਕਿਲੋਵਰਗ, ਗੁਰਸੀਰਤ ਕੌਰ ਰੰਧਾਵਾ 62 ਕਿਲੋਵਰਗ ਤੇ ਅਨਰੀਤ ਢੀਂਡਸਾ ਨੇ 80 ਕਿਲੋਵਰਗ ’ਚ ਪ੍ਰਥਮ ਸਥਾਨ ਹਾਸਲ ਕੀਤਾ। ਅੰਡਰ 17 ਮੁਕਾਬਲਿਆਂ ’ਚ ਨੇਵੀਆਹ ਮਾਨ 46 ਕਿਲੋਵਰਗ, ਗੁਰਲੀਨ ਕੌਰ ਢਿਲੋਂ 53 ਕਿਲੋਵਰਗ, ਖੁਸ਼ੀ 69 ਕਿਲੋਵਰਗ ਅਤੇ ਠੈਮ ਮੁੰਡੀ 73 ਕਿਲੋਵਰਗ ’ਚ ਪਹਿਲੇ ਸਥਾਨ ’ਤੇ ਰਹੇ। ਅੰਡਰ 19 ਉਮਰ ਵਰਗ ’ਚ ਇਰਾਬੀਰ ਸੂਚ 43 ਕਿਲੋਵਰਗ ਅਤੇ ਤਰਨਪ੍ਰੀਤ ਕੌਰ ਢਿਲੋਂ ਨੇ 53 ਕਿਲੋਵਰਗ ਮੁਕਾਬਲੇ ’ਚ ਪਹਿਲਾ ਸਥਾਨ ਹਾਲਸ ਕੀਤਾ। ਇਨ੍ਹਾਂ ਮੁਕਾਬਲਿਆਂ ’ਚ ਜੈਰੀਤ ਬਹੇ ਤੇ ਤਰਨਪ੍ਰੀਤ ਕੌਰ ਢਿਲੋਂ ਨੂੰ ‘ਮੋਸਟ ਆਊਟਸਟੈਂਡਿੰਗ ਰੈਸਲਰ’ ਦਾ ਸਨਮਾਨ ਦਿੱਤਾ ਗਿਆ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਕਿਹੜੇ ਭਗਤ ਇੱਕ ਰਾਜਾ ਸੀ ਜਿਨ੍ਹਾਂ ਨੇ ਆਤਮਿਕ ਸ਼ਾਂਤੀ ਦੀ ਭਾਲ ਵਿੱਚ ਆਪਣੀ ਗੱਦੀ ਤਿਆਗ ਦਿੱਤੀ ਸੀ ਅਤੇ ਉਹਨਾਂ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ?**

a. Bhagat Namdev Ji (ਭਗਤ ਨਾਮਦੇਵ ਜੀ)
b. Bhagat Soordas Ji (ਭਗਤ ਸੂਰਦਾਸ ਜੀ)
c. Bhagat Dhanna Ji (ਭਗਤ ਧੰਨਾ ਜੀ)
d. Bhagat Pipa Ji (ਭਗਤ ਪੀਪਾ ਜੀ)

**2. ਸਿੱਖ ਦੀ ਕ੍ਰਿਪਾਨ ਦਾ ਹੇਠ ਲਿਖੇ ਵਿਚੋਂ ਕਿਸ ਨਾਲ ਸੰਬਧ ਨਹੀ?**

a. Protection of weak (ਕਮਜ਼ੋਰ ਦੀ ਰੱਖਿਆ)
b. Hatred (ਨਫਰਤ)
c. High Spirits (ਚੜ੍ਹਦੀਕਲਾ)
d. To resist the oppressor (ਜ਼ਾਲਮ ਦੇ ਟਾਕਰੇ ਲਈ)

**3. ਸਿਖਾਂ ਵਲੋਂ ਨਵੇਂ ਮਕਾਨ ਜਾਂ ਨਵੀਂ ਗਡੀ ਅੱਗੇ ਹੇਠ ਵਿਚੋਂ ਕੀ ਟੰਗਣਾ ਠੀਕ ਹੈ?**

a. Nazar Battu (ਨਜ਼ਰ ਬੱਟੂ)
b. Kala Pranda (ਕਾਲਾ ਪਰਾਂਦਾ)
c. Tute Chittar (ਟੂਟੇ ਛਿੱਤਰ)
d. All are futile superstitions (ਸਭ ਮਨਮਤ)

(ਦੇਖੋ ਉੱਤਰ ਪੰਨਾ 4 ’ਤੇ)

## Richness of the Mother Tongue Punjabi




1. **Cultural Identity and Pride:** Punjabi is more than a language — it's a symbol of our roots, heritage, and identity. Encourage youth to see Punjabi as a bridge to their ancestors, traditions, and community stories.
2. **Spiritual Significance:** Punjabi is the language of Sri Guru Granth Sahib Ji, the sacred scripture of Sikhs. Emphasize how understanding Gurbani in its original form provides deeper spiritual connection.
3. **Literature and Poetry:** Highlight the richness of Punjabi literature — from Baba Farid to Shiv Kumar Batalvi, and Bulleh Shah. Share powerful poems and folk songs that evoke deep emotions and life wisdom.
4. **Expressive Power:** Punjabi is deeply expressive, full of idioms, metaphors, humor, and emotion. Share how certain emotions or thoughts can be conveyed more beautifully in Punjabi than in any other language.
5. **Global Presence:** Punjabi is among the most spoken languages worldwide and is thriving in countries like Canada, UK, and Australia. Learning Punjabi opens doors to global Punjabi communities and cultural exchange.
6. **Creative Arts and Media:** Encourage youth to enjoy Punjabi films, music, and theatre — showcasing the language's modern relevance. Share success stories of Punjabi artists in cinema, music, and social media.
7. **Personal Connection:** Encourage youth to speak with grandparents and relatives in Punjabi — helping preserve family bonds and oral traditions.

**Conclusion:** To keep Punjabi alive and thriving, we must show youth that it is not just a subject, but a treasure — full of love, legacy, and life.

- Chief Editor

## US Proposes 5% Tax on Immigrant Remittances: Major Impact on NRIs



In a major policy shift, a new bill introduced by U.S. House Republicans on May 12, 2025, proposes a 5% tax on international remittances sent by non-citizens. If passed, this could heavily impact Non-Resident Indians (NRIs), many of whom regularly send money to families in India—currently the world's top recipient of remittances at $83 billion annually. The tax, aimed at funding extended tax breaks and border security, would mean Rs. 5,000 (in dollar terms) taxed on every Rs. 1 lakh remitted. If approved, the levy would take effect swiftly, with financial institutions deducting the tax at the point of transfer. NRIs are advised to expedite major transfers before July 2025 to avoid the tax. The bill is expected to pass the House by May 26 and could become law by July 4. Until then, remittances remain untaxed.

## SIKH MATRIMONIALS

Suitable match for Gursikh girl with strong roots in Sikhi 27 /5'5" Graduated from New York Institute of Technology College of Osteopathic Medicine. Contact +91 98997 07357

Gursikh Boy 29/5'8"/ Working in EY,UK/52K GBP/ Masters in Actuarial Management from City Univ. Of London. Contact 9810197878

Gursikh boy, MSc, Award-Winning Science Journalist, Smart, Handsome, Spiritual, Ambitous, Whole family settled in London for 27 years, 5ft3/Feb91. Whatsapp: 00447789177298. Caste no bar.

Gursikh match for boy 46 years 5'9"/ issuless divorcee UuS green card holder, own business, well settled in New York Contact Amandeep Singh Kohli +1 (347) 445-1072

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. B 3. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555